# ਨਗਰ ਨਿਗਮ, ਬਠਿੰਡਾ।

## ਕਾਰਵਾਈ ਜਨਰਲ ਹਾਊਸ ਦੀ ਮੀਟਿੰਗ ਮਿਤੀ 21.12.2016 ਨੂੰ ਸਵੇਰੇ 11.00 ਵਜੇ

ਅੱਜ ਮਿਤੀ 21.12.2016 ਨੂੰ ਸਵੇਰੇ 11.00 ਵਜੇ ਸ਼੍ਰੀ ਬਲਵੰਤ ਰਾਏ 'ਨਾਥ', ਮੇਅਰ, ਨਗਰ ਨਿਗਮ ਬਠਿੰਡਾ ਜੀ ਦੀ ਪ੍ਰਧਾਨਗੀ ਹੇਠ ਜਨਰਲ ਹਾਊਸ ਦੀ ਮੀਟਿੰਗ ਨਗਰ ਨਿਗਮ ਦੇ ਮੀਟਿੰਗ ਹਾਲ ਵਿੱਚ ਹੋਈ। ਮੀਟਿੰਗ ਵਿੱਚ ਹੇਠ ਲਿਖੇ ਕੌਂਸਲਰ ਸਾਹਿਬਾਨ ਨੇ ਹਿੱਸਾ ਲਿਆ।

| ਲੜੀ ਨੰ: | ਕੌਂਸਲਰ ਦਾ ਨਾਮ ਸਰਵ ਸ਼੍ਰੀ/ਸ਼੍ਰੀਮਤੀ | ਵਾਰਡ ਨੰਬਰ | ਅਹੁੱਦਾ |
|---|---|---|---|
| 1 | ਸ਼੍ਰੀਮਤੀ ਗੁਰਿੰਦਰਪਾਲ ਕੌਰ ਮਾਂਗਟ | 1 | ਡਿਪਟੀ ਮੇਅਰ |
| 2 | ਸ਼੍ਰੀ ਮਲਕੀਤ ਸਿੰਘ | 2 | ਕੌਂਸਲਰ |
| 3 | ਜਸਵੀਰ ਕੌਰ | 4 | ਕੌਂਸਲਰ |
| 4 | ਸ਼ੈਰੀ ਗੋਇਲ | 6 | ਕੌਂਸਲਰ |
| 5 | ਹਰਪਾਲ ਸਿੰਘ | 7 | ਕੌਂਸਲਰ |
| 6 | ਸ਼੍ਰੀਮਤੀ ਪ੍ਰਮਿੰਦਰ ਕੌਰ ਸਿੱਧੂ | 8 | ਕੌਂਸਲਰ |
| 7 | ਸ਼੍ਰੀ ਅਸ਼ੇਸ਼ਰ ਪਾਸਵਾਨ | 10 | ਕੌਂਸਲਰ |
| 8 | ਪੰਕਜ ਅਰੋੜਾ | 12 | ਕੌਂਸਲਰ |
| 9 | ਸ਼੍ਰੀਮਤੀ ਰਾਜਪ੍ਰੀਤ ਕੌਰ ਬਰਾੜ੍ਹ | 14 | ਕੌਂਸਲਰ |
| 10 | ਅਰਵਿੰਦ ਕਿਰਨ ਚੀਮਾ | 16 | ਕੌਂਸਲਰ |
| 11 | ਹਰਮਿੰਦਰ ਸਿੰਘ | 17 | ਕੌਂਸਲਰ |
| 12 | ਸ਼੍ਰੀ ਰਾਜਾ ਸਿੰਘ | 18 | ਕੌਂਸਲਰ |
| 13 | ਬੇਅੰਤ ਸਿੰਘ ਰੰਧਾਵਾ | 19 | ਕੌਂਸਲਰ |
| 14 | ਦਰਸ਼ਨ ਕੁਮਾਰ | 20 | ਕੌਂਸਲਰ |
| 15 | ਸ਼੍ਰੀ ਤਰਸੇਮ ਚੰਦ ਗੋਇਲ | 21 | ਸੀਨੀਅਰ ਡਿਪਟੀ ਮੇਅਰ |
| 16 | ਸੁਖਮੰਦਰ ਸਿੰਘ | 22 | ਕੌਂਸਲਰ |
| 17 | ਕਮਲੇਸ਼ ਰਾਣੀ | 23 | ਕੌਂਸਲਰ |
| 18 | ਪ੍ਰਿਯੰਕਾ ਗੋਇਲ | 24 | ਕੌਂਸਲਰ |
| 19 | ਜਸਵੀਰ ਸਿੰਘ ਜੱਸਾ | 25 | ਕੌਂਸਲਰ |
| 20 | ਰਾਜ ਕੁਮਾਰ | 27 | ਕੌਂਸਲਰ |
| 21 | ਨੀਲਮ ਰਾਣੀ ਜਿੰਦਲ | 28 | ਕੌਂਸਲਰ |
| 22 | ਰਾਮ ਦਾਸ | 30 | ਕੌਂਸਲਰ |
| 23 | ਕਰਮਜੀਤ ਕੌਰ | 34 | ਕੌਂਸਲਰ |
| 24 | ਸੰਜੇ | 35 | ਕੌਂਸਲਰ |
| 25 | ਜਗਰਾਜ ਸਿੰਘ | 36 | ਕੌਂਸਲਰ |
| 26 | ਹਰਜਿੰਦਰ ਸਿੰਘ | 37 | ਕੌਂਸਲਰ |
| 27 | ਸੰਤੋਸ਼ ਕੁਮਾਰੀ ਮਹੰਤ | 38 | ਕੌਂਸਲਰ |
| 28 | ਗੁਰਬਚਨ ਸਿੰਘ ਖੁੱਬਣ | 39 | ਕੌਂਸਲਰ |
| 29 | ਸ਼ਿੰਦਰ ਕੌਰ | 40 | ਕੌਂਸਲਰ |
| 30 | ਅੰਜਨਾ ਰਾਣੀ | 41 | ਕੌਂਸਲਰ |
| 31 | ਪ੍ਰਦੀਪ ਗੋਇਲ | 42 | ਕੌਂਸਲਰ |
| 32 | ਗੁਰਸੇਵਕ ਸਿੰਘ ਮਾਨ | 43 | ਕੌਂਸਲਰ |
| 33 | ਨਿਰਮਲ ਸਿੰਘ ਸੰਧੂ | 44 | ਕੌਂਸਲਰ |
| 34 | ਹਰਵਿੰਦਰ ਕੁਮਾਰ | 46 | ਕੌਂਸਲਰ |
| 35 | ਨਿਰਮਲ ਕੌਰ | 47 | ਕੌਂਸਲਰ |
| 36 | ਜਗਰੂਪ ਸਿੰਘ ਗਿੱਲ | 48 | ਕੌਂਸਲਰ |
| 37 | ਗੁਰਮੀਤ ਕੌਰ | 49 | ਕੌਂਸਲਰ |
| 38 | ਜਗਸੀਰ ਸਿੰਘ ਬੰਗੀ | 50 | ਕੌਂਸਲਰ |

ਮੀਟਿੰਗ ਵਿੱਚ ਸੱਭ ਤੋਂ ਪਹਿਲਾਂ ਸ਼੍ਰੀ ਤਰਸੇਮ ਚੰਦ ਗੋਇਲ, ਸੀਨੀਅਰ ਡਿਪਟੀ ਮੇਅਰ, ਸ਼੍ਰੀਮਤੀ ਗੁਰਿੰਦਰਪਾਲ ਕੌਰ ਮਾਂਗਟ, ਡਿਪਟੀ ਮੇਅਰ, ਸ਼੍ਰੀ ਜਗਰੂਪ ਸਿੰਘ ਗਿੱਲ, ਕੌਂਸਲਰ ਸਾਹਿਬ ਨੇ ਨਗਰ ਨਿਗਮ ਦੇ ਐਕਸ ਕੌਂਸਲਰ ਸ਼੍ਰੀ ਕ੍ਰਿਸ਼ਨ ਕੁਮਾਰ ਗਰਗ ਜੀ ਦੇ ਅਚਾਨਕ ਸਵਰਗਵਾਸ ਹੋਣ ਕਾਰਨ ਵਿਛੜੀ ਰੂਹ ਨੂੰ ਸ਼ਰਧਾਂਜਲੀ ਦੇਣ ਲਈ ਦੋ ਮਿਨਟ ਦਾ ਮੌਨ ਧਾਰਨ ਕਰਨ ਲਈ ਬੇਨਤੀ ਕੀਤੀ।

**ਮਤਾ ਨੰਬਰ 72:** **ਹਾਊਸ ਵੱਲੋਂ ਨਗਰ ਨਿਗਮ ਦੇ ਐਕਸ ਕੌਂਸਲਰ ਸ਼੍ਰੀ ਕ੍ਰਿਸ਼ਨ ਕੁਮਾਰ ਗਰਗ ਜੀ ਦੇ ਅਚਾਨਕ ਸਵਰਗਵਾਸ ਹੋਣ ਤੇ ਉਹਨਾਂ ਦੀ ਆਤਮਿਕ ਸ਼ਾਂਤੀ ਲਈ ਦੋ ਮਿਨਟ ਦਾ ਮੌਨ ਧਾਰ ਕੇ ਵਿਛੜੀ ਰੂਹ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ। ਇਸ ਉਪਰੰਤ ਮੀਟਿੰਗ 15 ਮਿਨਟ ਦੇ ਸਮੇਂ ਲਈ ਮੁਲਤਵੀ ਕੀਤੀ ਗਈ।**

**ਸਹੀ/-**
**ਮੇਅਰ**
**ਨਗਰ ਨਿਗਮ, ਬਠਿੰਡਾ।**

# ਨਗਰ ਨਿਗਮ, ਬਠਿੰਡਾ।

## ਕਾਰਵਾਈ ਜਨਰਲ ਹਾਊਸ ਦੀ ਮੀਟਿੰਗ ਮਿਤੀ 21.12.2016 ਨੂੰ ਸਵੇਰੇ 11.15 ਵਜੇ

ਅੱਜ ਮਿਤੀ 21.12.2016 ਨੂੰ ਸਵੇਰੇ 11.15 ਵਜੇ ਸ਼੍ਰੀ ਬਲਵੰਤ ਰਾਏ ਨਾਥ, ਮੇਅਰ, ਨਗਰ ਨਿਗਮ ਬਠਿੰਡਾ ਜੀ ਦੀ ਪ੍ਰਧਾਨਗੀ ਹੇਠ ਜਨਰਲ ਹਾਊਸ ਦੀ ਮੀਟਿੰਗ ਨਗਰ ਨਿਗਮ ਦੇ ਮੀਟਿੰਗ ਹਾਲ ਵਿੱਚ ਹੋਈ। ਮੀਟਿੰਗ ਵਿੱਚ ਹੇਠ ਲਿਖੇ ਕੌਂਸਲਰ ਸਾਹਿਬਾਨ ਨੇ ਹਿੱਸਾ ਲਿਆ।

| ਲੜੀ ਨੰ: | ਕੌਂਸਲਰ ਦਾ ਨਾਮ ਸਰਵ ਸ਼੍ਰੀ/ਸ਼੍ਰੀਮਤੀ | ਵਾਰਡ ਨੰਬਰ | ਅਹੁੱਦਾ |
|---|---|---|---|
| 1 | ਸ਼੍ਰੀਮਤੀ ਗੁਰਿੰਦਰਪਾਲ ਕੋਰ ਮਾਂਗਟ | 1 | ਡਿਪਟੀ ਮੇਅਰ |
| 2 | ਸ਼੍ਰੀ ਮਲਕੀਤ ਸਿੰਘ | 2 | ਕੌਂਸਲਰ |
| 3 | ਜਸਵੀਰ ਕੋਰ | 4 | ਕੌਂਸਲਰ |
| 4 | ਸ਼ੈਰੀ ਗੋਇਲ | 6 | ਕੌਂਸਲਰ |
| 5 | ਹਰਪਾਲ ਸਿੰਘ | 7 | ਕੌਂਸਲਰ |
| 6 | ਸ਼੍ਰੀਮਤੀ ਪ੍ਰਮਿੰਦਰ ਕੋਰ ਸਿੱਧੂ | 8 | ਕੌਂਸਲਰ |
| 7 | ਸ਼੍ਰੀ ਅਸ਼ੇਸ਼ਰ ਪਾਸਵਾਨ | 10 | ਕੌਂਸਲਰ |
| 8 | ਪੰਕਜ ਅਰੋੜਾ | 12 | ਕੌਂਸਲਰ |
| 9 | ਸ਼੍ਰੀਮਤੀ ਰਾਜਪ੍ਰੀਤ ਕੋਰ ਬਰਾੜ | 14 | ਕੌਂਸਲਰ |
| 10 | ਅਰਵਿੰਦ ਕਿਰਨ ਚੀਮਾ | 16 | ਕੌਂਸਲਰ |
| 11 | ਹਰਮਿੰਦਰ ਸਿੰਘ | 17 | ਕੌਂਸਲਰ |
| 12 | ਸ਼੍ਰੀ ਰਾਜਾ ਸਿੰਘ | 18 | ਕੌਂਸਲਰ |
| 13 | ਬੇਅੰਤ ਸਿੰਘ ਰੰਧਾਵਾ | 19 | ਕੌਂਸਲਰ |
| 14 | ਦਰਸ਼ਨ ਕੁਮਾਰ | 20 | ਕੌਂਸਲਰ |
| 15 | ਸ਼੍ਰੀ ਤਰਸੇਮ ਚੰਦ ਗੋਇਲ | 21 | ਸੀਨੀਅਰ ਡਿਪਟੀ ਮੇਅਰ |
| 16 | ਸੁਖਮੰਦਰ ਸਿੰਘ | 22 | ਕੌਂਸਲਰ |
| 17 | ਕਮਲੇਸ਼ ਰਾਣੀ | 23 | ਕੌਂਸਲਰ |
| 18 | ਪ੍ਰਿਯੰਕਾ ਗੋਇਲ | 24 | ਕੌਂਸਲਰ |
| 19 | ਜਸਵੀਰ ਸਿੰਘ ਜੱਸਾ | 25 | ਕੌਂਸਲਰ |
| 20 | ਰਾਜ ਕੁਮਾਰ | 27 | ਕੌਂਸਲਰ |
| 21 | ਨੀਲਮ ਰਾਣੀ ਜਿੰਦਲ | 28 | ਕੌਂਸਲਰ |
| 22 | ਰਾਮ ਦਾਸ | 30 | ਕੌਂਸਲਰ |
| 23 | ਕਰਮਜੀਤ ਕੋਰ | 34 | ਕੌਂਸਲਰ |
| 24 | ਸੰਜੇ | 35 | ਕੌਂਸਲਰ |
| 25 | ਜਗਰਾਜ ਸਿੰਘ | 36 | ਕੌਂਸਲਰ |
| 26 | ਹਰਜਿੰਦਰ ਸਿੰਘ | 37 | ਕੌਂਸਲਰ |
| 27 | ਸੰਤੋਸ਼ ਕੁਮਾਰੀ ਮਹੰਤ | 38 | ਕੌਂਸਲਰ |
| 28 | ਗੁਰਬਚਨ ਸਿੰਘ ਖੁੱਬਣ | 39 | ਕੌਂਸਲਰ |
| 29 | ਸ਼ਿੰਦਰ ਕੋਰ | 40 | ਕੌਂਸਲਰ |
| 30 | ਅੰਜਨਾ ਰਾਣੀ | 41 | ਕੌਂਸਲਰ |
| 31 | ਪ੍ਰਦੀਪ ਗੋਇਲ | 42 | ਕੌਂਸਲਰ |
| 32 | ਗੁਰਸੇਵਕ ਸਿੰਘ ਮਾਨ | 43 | ਕੌਂਸਲਰ |
| 33 | ਨਿਰਮਲ ਸਿੰਘ ਸੰਧੂ | 44 | ਕੌਂਸਲਰ |
| 34 | ਹਰਵਿੰਦਰ ਕੁਮਾਰ | 46 | ਕੌਂਸਲਰ |
| 35 | ਨਿਰਮਲ ਕੋਰ | 47 | ਕੌਂਸਲਰ |
| 36 | ਜਗਰੂਪ ਸਿੰਘ ਗਿੱਲ | 48 | ਕੌਂਸਲਰ |
| 37 | ਗੁਰਮੀਤ ਕੋਰ | 49 | ਕੌਂਸਲਰ |
| 38 | ਜਗਸੀਰ ਸਿੰਘ ਬੰਗੀ | 50 | ਕੌਂਸਲਰ |
| 39 | ਸ਼੍ਰੀ ਸਰੂਪ ਚੰਦ ਸਿੰਗਲਾ | | ਐਕਸ ਆਫੀਸ਼ਿਓ ਮੈਂਬਰ |

**ਮੀਟਿੰਗ ਵਿੱਚ ਸੱਭ ਤੋਂ ਪਹਿਲਾਂ ਸ਼੍ਰੀ ਬੇਅੰਤ ਸਿੰਘ ਰੰਧਾਵਾ ਅਤੇ ਸ਼੍ਰੀ ਰਾਜ ਕੁਮਾਰ ਗੋਇਲ, ਕੌਂਸਲਰ ਸਾਹਿਬਾਨ ਨੇ ਆਪਣੇ-ਆਪਣੇ ਵਾਰਡਾਂ ਵਿੱਚੋਂ ਜਲਦ ਤੋਂ ਜਲਦ ਆਵਾਰਾ ਪਸ਼ੂ ਫੜ੍ਹਨ ਦੀ ਮੰਗ ਕੀਤੀ। ਇਸਤੇ ਮੇਅਰ ਸਾਹਿਬ ਨੇ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਕਤ ਵਾਰਡਾਂ ਵਿੱਚੋਂ ਜੋ 10-15 ਆਵਾਰਾ ਪਸ਼ੂ ਹਨ, ਉਹਨਾਂ ਨੂੰ ਗਊਸ਼ਾਲਾਵਾਂ ਵਿੱਚ ਭੇਜਣ ਸਬੰਧੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ।**

**ਸ਼੍ਰੀ ਜਗਰੂਪ ਸਿੰਘ ਗਿੱਲ, ਕੌਂਸਲਰ ਨੇ ਕਿਹਾ ਕਿ ਆਦਰਸ਼ ਨਗਰ ਵਿਖੇ ਜੋ ਐਸ.ਟੀ.ਪੀ. ਬਣਾਇਆ ਜਾ ਰਿਹਾ ਹੈ, ਉਹ ਉੱਥੇ ਨਾ ਬਣਾ ਕੇ ਕਿਤੇ ਹੋਰ ਦੂਰ ਜਗ੍ਹਾ ਤੇ ਲਗਾਇਆ ਜਾਵੇ।**

ਸ਼੍ਰੀ ਜਗਰਾਜ ਸਿੰਘ, ਕੌਂਸਲਰ ਨੇ ਮਹਿਣਾ ਬਸਤੀ ਵਿੱਚ ਸੀਵਰ ਪਾਉਣ ਲਈ ਮੰਗ ਪੱਤਰ ਦਿੱਤਾ। ਇਸਤੇ ਮੇਅਰ ਸਾਹਿਬ ਨੇ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਦੇ ਅਧਿਕਾਰਆਂ ਨੂੰ ਹਦਾਇਤ ਕੀਤੀ ਕਿ ਉਕਤ ਬਸਤੀ ਵਿੱਚ ਸੀਵਰੇਜ਼ ਪਾਉਣ ਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ।

ਸ਼੍ਰੀ ਰਾਮ ਦਾਸ, ਕੌਂਸਲਰ ਨੇ ਮੰਗ ਕੀਤੀ ਕਿ ਉਹਨਾਂ ਦੇ ਵਾਰਡ ਵਿੱਚ ਕਿਲੇ ਕੋਲ ਚੂਹਿਆਂ ਵੱਲੋਂ ਸੀਵਰ ਖਰਾਬ ਕਰ ਦਿੱਤਾ ਹੈ। ਉਹਨਾਂ ਇਸ ਸਮੱਸਿਆ ਦਾ ਜਲਦ ਤੋਂ ਜਲਦ ਹੱਲ ਕਰਨ ਦੀ ਮੰਗ ਕੀਤੀ।ਇਸਤੇ ਮੇਅਰ ਸਾਹਿਬ ਨੇ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਦੇ ਅਧਿਕਾਰਆਂ ਨੂੰ ਹਦਾਇਤ ਕੀਤੀ ਕਿ ਉਕਤ ਸਮੱਸਿਆ ਦਾ ਹੱਲ ਕੀਤਾ ਜਾਵੇ।

ਸ਼੍ਰੀਮਤੀ ਸ਼ੈਰੀ ਗੋਇਲ ਅਤੇ ਸ਼੍ਰੀ ਜਗਰੂਪ ਸਿੰਘ ਗਿੱਲ, ਕੌਂਸਲਰ ਸਾਹਿਬਾਨ ਨੇ ਕਿਹਾ ਕਿ ਸ਼ਹਿਰ ਵਿੱਚ ਹਾਲ ਹੀ ਵਿੱਚ ਨਵੀਆਂ ਸੜ੍ਹਕਾਂ ਬਣਾਈਆਂ ਗਈਆਂ ਹਨ। ਹੁਣ ਦਫਤਰ ਵਿਖੇ ਰਿਲਾਇੰਸ ਜੀਓ ਵੱਲੋਂ ਤਾਰਾਂ ਪਾਉਣ ਖਾਤਰ ਸੜ੍ਹਕਾਂ ਪੁੱਟ ਦਿੱਤੀਆਂ ਜਾਣਗੀਆਂ। ਉਹਨਾਂ ਅਜਿਹਾ ਨਾ ਕਰਨ ਲਈ ਬੇਨਤੀ ਕੀਤੀ। ਇਸਤੇ ਮੇਅਰ ਸਾਹਿਬ ਨੇ ਦਸਿਆ ਕਿ ਐਫ.ਐਂਡ ਸੀ.ਸੀ. ਦੀ ਮੀਟਿੰਗ ਮਿਤੀ 19.12.2016 ਵਿੱਚ ਲਏ ਫੈਸਲੇ ਅਨੁਸਾਰ ਕਿਉਂ ਜੋ ਨਗਰ ਨਿਗਮ ਵੱਲੋਂ ਹਾਲ ਦੀ ਘੜੀ ਵਿੱਚ ਸੜ੍ਹਕਾਂ ਦੀ ਨਵੀਂ ਉਸਾਰੀ ਕੀਤੀ ਗਈ ਹੈ, ਇਸ ਲਈ ਕੰਪਨੀ ਪਾਸੋਂ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਸੜ੍ਹਕਾਂ ਤੇ ਲਗਾਏ ਜਾਣ ਵਾਲੇ ਕੱਟਸ ਨੂੰ ਪੱਥਰ ਅਤੇ ਬੀ.ਐਮ. ਪਾ ਕੇ ਭਰਿਆ ਜਾਵੇ ਅਤੇ ਕੱਟਸ ਲਗਾਈ ਗਈ ਪੂਰੀ ਸੜ੍ਹਕ ਦੀ ਲੰਬਾਈ ਅਤੇ ਚੋੜਾਈ ਤੇ ਪ੍ਰੀਮਿਕਸ ਪਾਉਣ ਖਾਤਰ ਤਖਮੀਨੇ ਦੇ ਹਿਸਾਬ ਨਾਲ ਬਣਦੇ ਫੰਡਜ਼ ਨਿਗਮ ਪਾਸ ਪਹਿਲਾਂ ਜਮਾਂ ਕਰਵਾਏ ਜਾਣ। ਇਸ ਉਪਰੰਤ ਹੀ ਦਫਤਰ ਵੱਲੋਂ ਕੰਮ ਕਰਨ ਦੀ ਪ੍ਰਵਾਨਗੀ ਦਿੱਤੀ ਜਾਵੇ।

ਸ਼੍ਰੀ ਪ੍ਰਦੀਪ ਗੋਇਲ, ਕੌਂਸਲਰ ਨੇ ਕਿਹਾ ਕਿ ਲਾਇਨੋਪਾਰ ਇਲਾਕੇ ਵਿੱਚ ਸੀਵਰ ਦਾ ਕੰਮ ਪੈਡਿੰਗ ਹੈ। ਇਸ ਲਈ ਜੱਦ ਤੱਕ ਕੰਮ ਪੂਰਾ ਨਹੀਂ ਹੋ ਜਾਂਦਾ, ਤੱਦ ਤੱਕ ਕੂਨੈਕਸ਼ਨ ਨਾ ਦਿੱਤੇ ਜਾਣ ਅਤੇ ਨਾਲੀਆਂ ਬੰਦ ਨਾ ਕੀਤੀਆਂ ਜਾਣ। ਇਸਤੇ ਮੇਅਰ ਸਾਹਿਬ ਨੇ ਹਦਾਇਤ ਕੀਤੀ ਕੰਮ ਕਰਨ ਤੇ ਜੋ ਨਾਲੀਆਂ ਮਿੱਟੀ ਨਾਲ ਭਰ ਗਈਆਂ ਹਨ, ਉਹਨਾਂ ਨੂੰ ਜਲਦ ਤੋਂ ਜਲਦ ਸਾਫ ਕਰਵਾਇਆ ਜਾਵੇ ਅਤੇ ਰੋਡ ਜਾਲੀਆਂ ਵੀ ਸਾਫ ਕਰਵਾਈਆਂ ਜਾਣ।

ਸ਼੍ਰੀਮਤੀ ਗੁਰਮੀਤ ਕੋਰ, ਕੌਂਸਲਰ ਨੇ ਕਿਹਾ ਕਿ ਜਨਤਾ ਨਗਰ ਵਿਖੇ ਅੰਡਰ ਬਰਿਜ ਦੇ ਕੰਮ ਲਈ ਪੰਜਾਬ ਸਰਕਾਰ ਪਾਸੋਂ ਪ੍ਰਵਾਨਗੀ ਮਿਲ ਚੁੱਕੀ ਹੈ। ਉਹਨਾਂ ਜਲਦ ਤੋਂ ਜਲਦ ਕੰਮ ਕਰਵਾਉਣ ਦੀ ਮੰਗ ਕੀਤੀ। ਇਸਤੇ ਮੇਅਰ ਸਾਹਿਬ ਨੇ ਕਿਹਾ ਕਿ ਇਸ ਸਬੰਧੀ ਕਾਰਵਾਈ ਸ਼ੁਰੂ ਕੀਤੀ ਜਾ ਚੁੱਕੀ ਹੈ।

ਸ਼੍ਰੀਮਤੀ ਨਿਰਮਲ ਕੋਰ, ਕੌਂਸਲਰ ਨੇ ਆਪਣੇ ਵਾਰਡ ਵਿੱਚ ਸਫਾਈ ਲਈ ਬੇਨਤੀ ਕੀਤੀ।

ਸ਼੍ਰੀਮਤੀ ਪ੍ਰਮਿੰਦਰ ਕੋਰ, ਕੌਂਸਲਰ ਨੇ ਆਪਣੇ ਵਾਰਡ ਵਿੱਚ ਸੜ੍ਹਕਾਂ ਬਨਾਉਣ ਲਈ ਬੇਨਤੀ ਕੀਤੀ।

ਸ਼੍ਰੀ ਹਰਜਿੰਦਰ ਸਿੰਘ ਟੋਨੀ, ਕੌਂਸਲਰ ਨੇ ਕਿਹਾ ਕਿ ਉਹਨਾਂ ਦੇ ਵਾਰਡ ਵਿੱਚ ਧਾਨਕ ਸਮਾਜ ਧਰਮਸ਼ਾਲਾ ਦੀ ਜਲਦ ਤੋਂ ਜਲਦ ਉਸਾਰੀ ਕਰਵਾਈ ਜਾਵੇ।

ਸ਼੍ਰੀਮਤੀ ਸੰਤੋਸ਼ ਕੁਮਾਰੀ ਮਹੰਤ, ਕੌਂਸਲਰ ਨੇ ਕਿਹਾ ਕਿ ਏਜੰਡੇ ਨਾਲ ਜੋ ਨੋਟੀਫਿਕੇਸ਼ਨ ਦੀਆਂ ਕਾਪੀਆਂ ਭੇਜੀਆਂ ਗਈਆਂ ਹਨ, ਉਹ ਸਾਰੀਆਂ ਅੰਗ੍ਰੇਜ਼ੀ ਵਿੱਚ ਹਨ। ਇਹਨਾਂ ਨੂੰ ਪੰਜਾਬੀ ਵਿੱਚ ਅਨੁਵਾਦ ਕਰਕੇ ਭੇਜਿਆ ਜਾਵੇ। ਉਹਨਾਂ ਇਹ ਵੀ ਕਿਹਾ ਕਿ ਸ਼ਹਿਰ ਵਿੱਚੋਂ ਆਵਾਰਾ ਪਸ਼ੂ ਫੜ੍ਹਨ ਖਾਤਰ ਕੌਂਸਲਰ ਸਾਹਿਬਾਨ ਦੀ ਕਮੇਟੀ ਬਣਾਈ ਜਾਵੇ। ਉਹਨਾਂ ਇਹ ਵੀ ਕਿਹਾ ਕਿ ਜਿਸ ਵੀ ਨਗਰ ਕੌਂਸਲਰ ਨੂੰ ਰੋਡ ਜਾਲੀਆਂ ਬਨਾਉਣ ਖਾਤਰ ਇਤਰਾਜ ਹੈ, ਉਸ ਦੀਆਂ ਰੋਡ ਜਾਲੀਆਂ ਨਾ ਬਣਾਈਆਂ ਜਾਣ। ਉਹਨਾਂ ਆਪਣੇ ਵਾਰਡ ਵਿੱਚ ਰੋਡ ਜਾਲੀਆਂ ਬਨਾਉਣ ਅਤੇ ਪਹਿਲਾਂ ਬਣੀਆਂ ਰੋਡ ਜਾਲੀਆ ਨੂੰ ਸਾਫ ਕਰਵਾਉਣ ਦੀ ਮੰਗ ਕੀਤੀ।

ਇਸਤੇ ਸਰਵ-ਸੰਮਤੀ ਨਾਲ ਪਾਸ ਕੀਤਾ ਗਿਆ ਕਿ ਸ਼ਹਿਰ ਵਿੱਚੋਂ ਆਵਾਰਾ ਪਸ਼ੂ ਫੜ੍ਹਨ ਖਾਤਰ ਕੌਂਸਲਰ ਸਾਹਿਬਾਨ ਦੀ ਸੱਤ ਮੈਂਬਰੀ ਕਮੇਟੀ ਬਣਾਈ ਜਾਵੇ। ਕਮੇਟੀ ਬਨਾਉਣ ਦੇ ਅਧਿਕਾਰ ਮਾਨਯੋਗ ਮੇਅਰ ਸਾਹਿਬ ਨੂੰ ਦਿੱਤੇ ਜਾਂਦੇ ਹਨ।

ਸ਼੍ਰੀ ਸੰਜੇ ਬਿਸਵਾਲ, ਕੌਂਸਲਰ ਨੇ ਮੰਗ ਕੀਤੀ ਕਿ ਆਵਾ ਬਸਤੀ, ਸ਼੍ਰੀ ਗੁਰੂ ਰਵੀ ਦਾਸ ਧਰਮਸ਼ਾਲਾ ਖਾਤਰ ਗਰਾਂਟ ਦਿੱਤੀ ਜਾਵੇ ਅਤੇ 80' ਰੋਡ ਦਾ ਕੰਮ ਜਲਦ ਤੋਂ ਜਲਦ ਕਰਵਾਇਆ ਜਾਵੇ।

ਇਸ ਉਪਰੰਤ ਮੀਟਿੰਗ ਦੀ ਕਾਰਵਾਈ ਸ਼ੁਰੂ ਹੋਈ।

ਏਜੰਡਾ ਨੰਬਰ: 1

ਮੀਟਿੰਗ ਮਿਤੀ 13.12.2016 ਦੀ ਕਾਰਵਾਈ ਦੀ ਪਕਿਆਈ।

ਮਤਾ ਨੰਬਰ 73: ਮੀਟਿੰਗ ਮਿਤੀ 13.12.2016 ਦੀ ਕਾਰਵਾਈ ਦੀ ਪਕਿਆਈ ਕੀਤੀ ਜਾਂਦੀ ਹੈ।

ਏਜੰਡਾ ਨੰਬਰ: 2

ਰਿਪੋਰਟ ਰੈਂਟ ਸ਼ਾਖਾ ਕਿ ਸਰਕਾਰ ਵੱਲੋਂ THE PUNJAB MUNICIPALITY (VESTING OF PROPRIETARY RIGHTS) SCHEME 2016 ਅਧੀਨ ਨੋਟੀਫਿਕੇਸ਼ਨ ਨੰਬਰ 8/7/2015-5LG3/891539/1 ਮਿਤੀ 14.12.2016 ਪ੍ਰਾਪਤ ਹੋਇਆ ਹੈ। ਨੋਟੀਫਿਕੇਸ਼ਨ ਹਾਊਸ ਵਿੱਚ ਅਡਾਪਟ ਕਰਨ ਦੀ ਪ੍ਰਵਾਨਗੀ ਹਿੱਤ ਰਿਪੋਰਟ ਪੇਸ਼ ਹੈ ਜੀ।

ਸ਼੍ਰੀ ਸਰੂਪ ਚੰਦ ਸਿੰਗਲਾ, ਐਕਸ ਆਫੀਸ਼ਿਓ ਮੈਂਬਰ ਨੇ ਦਸਿਆ ਕਿ ਪੰਜਾਬ ਸਰਕਾਰ ਨੇ ਉਕਤ ਨੋਟੀਫਿਕੇਸ਼ਨ ਜਾਰੀ ਕਰਕੇ ਨਗਰ ਨਿਗਮ ਦੇ ਦੁਕਾਨਦਾਰਾਂ ਨੂੰ ਬਹੁਤ ਵੱਡੀ ਰਾਹਤ ਦਿੱਤੀ ਹੈ। ਪਹਿਲਾਂ ਨਿਗਮ ਨੂੰ 100–

150 ਰੁਪਏ ਪ੍ਰਤੀ ਮਹੀਨਾ ਦੇ ਹਿਸਾਬ ਨਾਲ ਕਿਰਾਇਆ ਹੀ ਆਉਂਦਾ ਸੀ। ਜੱਦ ਉਹ ਦੁਕਾਨਦਾਰ ਮਾਲਕ ਬਣ ਜਾਣਗੇ ਤਾਂ ਨਿਗਮ ਨੂੰ ਪ੍ਰਾਪਰਟੀ ਟੈਕਸ ਦੇ ਰੂਪ ਵਿੱਚ ਵੱਧ ਆਮਦਨ ਆਵੇਗੀ। ਉਹਨਾਂ ਨੋਟੀਫਿਕੇਸ਼ਨ ਜਾਰੀ ਕਰਨ ਤੇ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ। ਇਸਤੇ ਹਾਊਸ ਵਿੱਚ ਬੈਠੇ ਕੌਂਸਲਰ ਸਾਹਿਬਾਨ ਨੇ ਮੇਜਾਂ ਥਪਥਪਾ ਕੇ ਪੰਜਾਬ ਸਰਕਾਰ ਦੇ ਫੈਸਲੇ ਦਾ ਸਵਾਗਤ ਕੀਤਾ।

ਸ਼੍ਰੀ ਸਰੂਪ ਚੰਦ ਸਿੰਗਲਾ, ਐਕਸ ਆਫੀਸ਼ਿਓ ਮੈਂਬਰ ਨੇ ਮੰਗ ਕੀਤੀ ਕਿ ਨਿਗਮ ਦੇ ਜੋ ਐਸ.ਸੀ.ਐਫ. ਕਿਰਾਏ ਤੇ ਦਿੱਤੇ ਹੋਏ ਹਨ, ਉਹਨਾਂ ਨੂੰ ਡਿਵੈਲਿੰਗ ਯੂਨਿਟ ਕਰਾਰ ਕਰਨ ਜਾਂ ਨਾ ਕਰਨ ਸਬੰਧੀ ਸਰਕਾਰ ਪਾਸੋਂ ਕਲੈਰੀਫਿਕੇਸ਼ਨ ਮੰਗੀ ਜਾਵੇ ਅਤੇ ਜੋ ਦੁਕਾਨਾਂ ਦਾ ਰਕਬਾ 58 ਵ: ਗੱਜ਼ ਹੈ, ਉਸ ਸਬੰਧੀ ਵੀ ਸਰਕਾਰ ਪਾਸੋਂ ਕਲੈਰੀਫਿਕੇਸ਼ਨ ਮੰਗੀ ਜਾਵੇ।

**ਮਤਾ ਨੰਬਰ 74:** **ਪ੍ਰਵਾਨ ਹੈ। ਮਜ਼ੀਦ ਪਾਸ ਕੀਤਾ ਗਿਆ ਕਿ ਮਾਨਯੋਗ ਐਮ.ਐਲ.ਏ. ਸਾਹਿਬ ਦੀ ਤਜਵੀਜ ਮੁਤਾਬਿਕ ਸਰਕਾਰ ਪਾਸੋਂ ਕਲੈਰੀਫਿਕੇਸ਼ਨ ਮੰਗੀ ਜਾਵੇ।**

**ਏਜੰਡਾ ਨੰਬਰ: 3**

ਰਿਪੋਰਟ ਬਿਲਡਿੰਗ ਸ਼ਾਖਾ ਕਿ ਸਰਕਾਰ ਵੱਲੋਂ ਸਾਲ 2013 ਅਤੇ ਸਾਲ 2014 ਵਿੱਚ ਅਣਅਧਿਕਾਰਤ ਕਲੋਨੀਆਂ, ਪਲਾਟਾਂ/ ਬਿਲਡਿੰਗਾਂ ਨੂੰ ਰੈਗੂਲਰ ਕਰਨ ਸਬੰਧੀ ਪਾਲਿਸੀਆਂ ਜਾਰੀ ਕੀਤੀਆਂ ਗਈਆਂ ਸਨ। ਹੁਣ ਸਰਕਾਰ ਵੱਲੋ ਨੋਟੀਫਿਕੇਸ਼ਨ ਨੰਬਰ 12/04/16-5LG2/81764/1 ਮਿਤੀ 15.12.2016 ਰਾਹੀਂ ਅਣਅਧਿਕਾਰਤ ਕਲੋਨੀਆਂ, ਪਲਾਟਾਂ/ ਬਿਲਡਿੰਗਾਂ ਨੂੰ ਰੈਗੂਲਰ ਕਰਨ ਸਬੰਧੀ ਪਾਲਿਸੀ ਜਾਰੀ ਕੀਤੀ ਗਈ ਹੈ। ਇਸ ਪਾਲਿਸੀ ਦੀ ਮਿਆਦ ਪਾਲਿਸੀ ਜਾਰੀ ਹੋਣ ਦੀ ਮਿਤੀ ਤੋਂ ਇੱਕ ਮਹੀਨੇ ਤੱਕ ਭਾਵ 14.01.2017 ਤੱਕ ਹੈ। ਇਸ ਮਿਆਦ ਤੋਂ ਬਾਅਦ ਅਗਲੇ 6 ਮਹੀਨਿਆਂ ਤੱਕ ਰੈਗੂਲਾਈਜ਼ੇਸ਼ਨ ਚਾਰਜ਼ਿਜ਼ ਨਾਲ ਪਾਲਿਸੀ ਵਿੱਚ ਦਰਸਾਏ ਡਿਵੈਲਪਮੈਂਟ ਚਾਰਜ਼ਿਜ਼ ਜਮ੍ਹਾ ਕਰਵਾ ਕੇ ਪਲਾਟ/ਬਿਲਡਿੰਗ ਨੂੰ ਰੈਗੂਲਰ ਕਰਵਾਇਆ ਜਾ ਸਕਦਾ ਹੈ। ਇਸ ਉਪਰੰਤ ਅਗਲੇ 6 ਮਹੀਨਿਆਂ ਤੱਕ ਰੈਗੂਲਰਾਈਜ਼ੇਸ਼ਨ ਚਾਰਜ਼ਿਜ਼ ਨਾਲ ਡੇਢ ਗੁਣਾ ਡਿਵੈਲਪਮੈਂਟ ਚਾਰਜ਼ਿਜ਼ ਜਮ੍ਹਾ ਕਰਵਾ ਕੇ ਪਲਾਟ/ਬਿਲਡਿੰਗ ਨੂੰ ਰੈਗੂਲਰ ਕਰਵਾਇਆ ਜਾ ਸਕਦਾ ਹੈ।ਪਾਲਿਸੀ ਹਾਊਸ ਦੀ ਜਾਣਕਾਰੀ ਹਿੱਤ।

**ਮਤਾ ਨੰਬਰ 75:** **ਨੋਟ ਕੀਤਾ।**

**ਏਜੰਡਾ ਨੰ: 4**

ਦਫਤਰੀ ਰਿਪੋਰਟ ਕਿ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿੱਚ ਵਿਕਾਸ ਦੇ ਕੰਮ ਕਰਾਉਣ ਲਈ ਹੇਠ ਲਿਖੇ ਅਨੁਸਾਰ ਤਖਮੀਨੇ ਤਿਆਰ ਕੀਤੇ ਗਏ ਹਨ:-

| ਲੜੀ ਨੰ: | ਵਾਰਡ ਨੰਬਰ | ਕੰਮ ਦਾ ਨਾਮ | ਤਖਮੀਨੇ ਦੀ ਰਕਮ (ਲੱਖਾਂ ਵਿੱਚ) |
|---|---|---|---|
| 1. | | ਬਠਿੰਡਾ ਸ਼ਹਿਰ ਦੇ ਜਨਤਾ ਨਗਰ, ਪਰਸ ਰਾਮ ਨਗਰ, ਸਿਰਕੀ ਬਾਜ਼ਾਰ, ਠੰਡੀ ਸੜ੍ਹਕ ਅਤੇ ਮਾਨਸਾ ਰੋਡ ਤੇ ਬਣੇ ਪੰਜੋ ਅੰਡਰਬਰਿਜ਼ਸ ਦੀ ਰਿਪੇਅਰ, ਪੇਟਿੰਗ ਕਰਨਾ ਅਤੇ ਸਟਰੀਟ ਲਾਈਟ ਲਗਾਉਣਾ | 15.00 |
| 2. | | ਮਾਲ ਰੋਡ ਦੀਆਂ ਗਰਿਲਾਂ ਅਤੇ ਸੈਂਟਰਲ ਵਰਜ਼ ਦੀ ਰਿਪੇਅਰ, ਪੇਟਿੰਗ ਅਤੇ ਹੋਰ ਕੰਮ | 9.00 |
| 3. | | ਸ਼ਹਿਰ ਦੀਆ ਵੱਖ-ਵੱਖ ਸੜ੍ਹਕਾਂ ਉਪਰ ਕੈਟ ਆਈ, ਡੈਲੀਨੇਟਰ ਅਤੇ ਥਰਮੋਪਲਾਸਟ ਪੇਂਟ ਦੀਆਂ ਪੱਟੀਆਂ ਲਗਾਉਣਾ | 30.00 |
| 4. | | ਕੰਸ: ਆਫ ਧਰਮਸ਼ਾਲਾ, ਗਲੀ ਨੰ: 4, ਅਮਰਪੁਰਾ ਬਸਤੀ, ਵਾਰਡ ਨੰਬਰ 36 | 14.00 |

ਹਾਊਸ ਦੇ ਵਿਚਾਰ ਹਿੱਤ।

**ਮਤਾ ਨੰਬਰ 76:** **ਪ੍ਰਵਾਨ ਹੈ।**

**ਇਸ ਉਪਰੰਤ ਹੇਠ ਲਿਖੇ ਅਨੁਸਾਰ ਸਪਲੀਮੈਂਟਰੀ ਏਜੰਡੇ ਤੇ ਵਿਚਾਰ ਕੀਤਾ ਗਿਆ:-**
**ਇਸ ਮੌਕੇ ਕਾਂਗਰੇਸ ਪਾਰਟੀ ਦੇ ਕੌਂਸਲਰ ਸਾਹਿਬਾਨ ਹਾਊਸ ਤੋਂ ਚਲੇ ਗਏ।**

**ਏਜੰਡਾ ਨੰਬਰ: 1**

ਰਿਪੋਰਟ ਸਿਹਤ ਸ਼ਾਖਾ ਕਿ ਨਗਰ ਨਿਗਮ ਬਠਿੰਡਾ ਦੇ 19 ਪਬਲਿਕ ਟਾਇਲਟਸ ਦੀ ਸਫਾਈ ਅਤੇ ਸਾਂਭ ਸੰਭਾਲ (O&M) ਦਾ ਠੇਕਾ M/s. Deva Swimming Institute, #455, Sector 23, Near Entry-3, Gurgaon ਨੂੰ ਦਿੱਤਾ ਗਿਆ ਹੈ। ਮਤਾ ਨੰਬਰ 96 ਮਿਤੀ 14.12.2015 ਨੂੰ ਪਬਲਿਕ ਟਾਇਲਟਸ ਦੀ ਸਾਂਭ ਸੰਭਾਲ ਲਈ ਅਨੁਮਾਨਤ ਲਾਗਤ 32,20,800/- ਰੁਪਏ ਸਲਾਨਾ ਪ੍ਰਵਾਨ ਕੀਤੀ ਗਈ ਹੈ। ਸਰਕਾਰ ਦੀਆਂ ਹਦਾਇਤਾਂ ਮੁਤਾਬਿਕ ਪਬਲਿਕ ਟਾਇਲਟਸ ਤੇ ਮਹਿਲਾ ਅਟੈਂਡੈਂਟ ਲਗਾਉਣਾ ਜਰੂਰੂ ਹੋਣ ਕਾਰਨ ਪ੍ਰਤੀ ਟਾਇਲਟ ਬਲਾਕ ਇਹ ਖਰਚ 24280/- ਰੁਪਏ ਹੋ ਗਿਆ ਹੈ। ਪਬਲਿਕ ਟਾਇਲਟਸ ਦੀ ਸੰਖਿਆ ਵੱਧ ਕੇ 19 ਹੋਣ, ਸਰਕਾਰ ਦੀਆਂ ਹਦਾਇਤਾਂ ਅਨੁਸਾਰ ਪਬਲਿਕ ਟਾਇਲਟਸ ਤੇ ਮਹਿਲਾ ਅਟੈਂਡੈਂਟ ਦੀ ਤੈਨਾਤੀ ਹੋਣ ਕਾਰਨ ਮਹੀਨਾ ਮਈ 2016 ਤੋਂ 20.11.2016 ਤੱਕ ਕੁੱਲ 22,68,862/- ਰੁਪਏ ਖਰਚ ਹੋ ਚੁੱਕੇ ਹਨ। ਬਚੀ ਰਕਮ ਨਾਲ ਲਗਭਗ ਫਰਵਰੀ ਮਹੀਨੇ ਤੱਕ ਅਦਾਇਗੀ ਕੀਤੀ ਜਾ ਸਕਦੀ ਹੈ। ਆਉਣ ਵਾਲੇ ਸਮੇਂ ਵਿੱਚ ਨਗਰ ਨਿਗਮ ਬਠਿੰਡਾ ਦੀ ਹਦੂਦ ਅੰਦਰ ਲਗਭਗ 32 ਪਬਲਿਕ

ਟਾਇਲਟਸ ਤਿਆਰ ਕੀਤੀਆਂ ਜਾਣੀਆਂ ਹਨ। ਇੱਕ ਪਬਲਿਕ ਟਾਇਲਟ ਦੀ ਸਫਾਈ ਅਤੇ ਸਾਂਭ ਸੰਭਾਲ ਤੇ ਅਨੁਮਾਨਤ 25000/- ਰੁਪਏ ਖਰਚ ਮੁਤਾਬਿਕ 32 ਪਬਲਿਕ ਟਾਇਲਟਸ ਤੇ ਲਗਭਗ 8.00 ਲੱਖ ਰੁਪਏ (25000 x 32 = 8,00,000/-) ਪ੍ਰਤੀ ਮਹੀਨਾ ਖਰਚ ਆਉਣ ਦੀ ਸੰਭਾਵਨਾ ਹੈ। ਇਸ ਤਰ੍ਹਾਂ 32 ਪਬਲਿਕ ਟਾਇਲਟਸ ਦੀ ਸਫਾਈ ਅਤੇ ਸਾਂਭ ਸੰਭਾਲ ਤੇ ਸਲਾਨਾ ਖਰਚ ਲਗਭਗ 96,00,000/- ਰੁਪਏ ਆਵੇਗਾ। ਉਕਤ ਸਬੰਧੀ 96,00,000/- ਰੁਪਏ ਦੀ ਮੰਨਜ਼ੂਰੀ ਦੇਣ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

**ਮਤਾ ਨੰਬਰ 77:** **ਪ੍ਰਵਾਨ ਹੈ।**

**ਏਜੰਡਾ ਨੰਬਰ: 2**

ਰਿਪੋਰਟ ਲੇਖਾ ਸ਼ਾਖਾ ਕਿ ਨਗਰ ਨਿਗਮ ਬਠਿੰਡਾ ਵਿਖੇ ਕੋਈ ਰੈਗੂਲਰ ਕਾਨੂੰਨੀ ਸਲਾਹਕਾਰ ਜਾਂ ਲਾਅ ਅਫਸਰ ਨਹੀਂ ਹੈ। ਜਦਕਿ ਕੋਰਟ ਕੇਸਾਂ ਦੀ ਗਿਣਤੀ ਬਹੁਤ ਜਿਆਦਾ ਹੈ। ਸਥਾਨਕ ਅਦਾਲਤਾਂ ਵਿੱਚ ਸ਼੍ਰੀ ਅਨਿਲ ਗੁਪਤਾ ਨੂੰ ਪਾਰਟ ਟਾਇਮ ਕਾਨੂੰਨੀ ਸਲਾਹਕਾਰ ਨਿਯੁਕਤ ਕੀਤਾ ਗਿਆ ਸੀ। ਇਹਨਾਂ ਦੀ ਬੇਨਤੀ ਸੀ ਕਿ ਉਹ ਸਿਵਲ ਲੇਬਰ ਅਤੇ ਕੰਜ਼ਿਊਮਰ ਫੋਰਮ ਵਿੱਚ ਨਗਰ ਨਿਗਮ ਦੇ ਕੇਸਾਂ ਦੀ ਪੈਰਵੀ ਕਰਨਗੇ। ਕੋਰਟ ਕੇਸਾਂ ਦੀ ਗਿਣਤੀ ਬਹੁਤ ਜਿਆਦਾ ਹੋਣ ਕਾਰਨ ਕੰਮ ਪ੍ਰਭਾਵਿਤ ਹੋ ਰਿਹਾ ਹੈ। ਇਸ ਲਈ ਉਹਨਾਂ ਦੇ ਜੂਨੀਅਰ ਵਕੀਲ ਨੂੰ ਵੀ ਨਗਰ ਨਿਗਮ ਦੇ ਕੇਸਾਂ ਦੀ ਪੈਰਵੀ ਲਈ ਬਤੌਰ ਰਿਟੇਨਰ ਨਿਯੁਕਤ ਕੀਤਾ ਜਾਵੇ। ਇਸ ਅਨੁਸਾਰ ਨਗਰ ਨਿਗਮ ਦੇ ਮਤਾ ਨੰਬਰ 290 ਮਿਤੀ 20.10.2014 ਰਾਹੀਂ ਮਿਸ ਕਿਸ਼ੂ ਜਿੰਦਲ ਨੂੰ ਇੱਕ ਸਾਲ ਲਈ ਬਤੌਰ ਰਿਟੇਨਰ ਵਕੀਲ ਨਿਯੁਕਤ ਕੀਤਾ ਸੀ। ਇਸਦਾ ਸਮਾਂ ਮਿਤੀ 27.10.2016 ਨੂੰ ਖਤਮ ਹੋ ਗਿਆ ਸੀ। ਉਸ ਉਪਰੰਤ ਇਸ ਵੱਲੋਂ ਵੀ ਕੰਮ discontinue ਕਰ ਦਿੱਤਾ ਗਿਆ ਹੈ। ਇਸ ਲਈ ਇਸਦੀ ਜਗ੍ਹਾ ਤੇ ਕੋਈ ਹੋਰ ਕਾਨੂੰਨੀ ਸਲਾਹਕਾਰ/ ਕਾਨੂੰਨੀ ਸਹਾਇਕ ਨਿਯੁਕਤ ਕਰਨ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

**ਮਤਾ ਨੰਬਰ 78:** **ਪ੍ਰਵਾਨ ਹੈ।**

**ਏਜੰਡਾ ਨੰ: 3**

ਦਫਤਰੀ ਰਿਪੋਰਟ ਕਿ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿੱਚ ਵਿਕਾਸ ਦੇ ਕੰਮ ਕਰਾਉਣ ਲਈ ਹੇਠ ਲਿਖੇ ਅਨੁਸਾਰ ਤਖਮੀਨੇ ਤਿਆਰ ਕੀਤੇ ਗਏ ਹਨ:-

| ਲੜੀ ਨੰ: | ਵਾਰਡ ਨੰਬਰ | ਕੰਮ ਦਾ ਨਾਮ | ਤਖਮੀਨੇ ਦੀ ਰਕਮ (ਲੱਖਾਂ ਵਿੱਚ) |
|---|---|---|---|
| 1. | | ਪ/ਫ 60 ਐਮ.ਐਮ. ਥਿੱਕ ਇੰਟਰਲਾਕਿੰਗ ਟਾਇਲਜ਼ ਇਨ ਲਿੰਕ ਆਫ ਸਟਰੀਟ ਨੰਬਰ 8, ਵਾਰਡ ਨੰਬਰ 22 | 1.53 |
| 2. | | ਸ਼ਿਵ ਗੋਰਖ ਨਾਥ ਆਸ਼ਰਮ, ਗਲੀ ਨੰ: 16, ਸੰਜੇ ਨਗਰ ਦੀ ਉਸਾਰੀ ਲਈ | 10.00 |

ਹਾਊਸ ਦੇ ਵਿਚਾਰ ਹਿੱਤ।

**ਮਤਾ ਨੰਬਰ 79:** **ਪ੍ਰਵਾਨ ਹੈ।**

**ਮਜ਼ੀਦ ਪਾਸ ਕੀਤਾ ਗਿਆ ਕਿ ਹੇਠ ਲਿਖੇ ਅਨੁਸਾਰ ਵਿਕਾਸ ਦੇ ਕੰਮਾਂ ਦੇ ਤਖਮੀਨੇ ਪਾਸ ਕੀਤੇ ਜਾਂਦੇ ਹਨ:-**

| ਲੜੀ ਨੰ: | ਵਾਰਡ ਨੰਬਰ | ਕੰਮ ਦਾ ਨਾਮ | ਤਖਮੀਨੇ ਦੀ ਰਕਮ (ਲੱਖਾਂ ਵਿੱਚ) |
|---|---|---|---|
| 1. | | ਅਮਰਪੁਰਾ ਬਸਤੀ, ਗਲੀ ਨੰ: 3 ਵਿਖੇ ਸ਼੍ਰੀ ਗੁਰੂ ਅਮਰਦਾਸ ਧਰਮਸ਼ਾਲਾ ਦੀ ਉਸਾਰੀ | 3.00 |
| 2. | | ਆਵਾ ਬਸਤੀ ਵਿਖੇ ਸ਼੍ਰੀ ਗੁਰੂ ਰਵੀ ਦਾਸ ਧਰਮਸ਼ਾਲਾ ਦੀ ਉਸਾਰੀ | 5.00 |
| 3. | | ਵਾਰਡ ਨੰਬਰ 10 ਵਿਖੇ ਭਗਵਾਨ ਵਾਲਮੀਕਿ ਧਰਮਸ਼ਾਲਾ ਦੀ ਉਸਾਰੀ | 2.00 |
| 4. | | ਕੋਠੇ ਅਮਰਪੁਰਾ ਸ਼ਿਵ ਕਲੋਨੀ ਵਿਖੇ ਘਰਾਂ ਦੇ ਉਪਰੋਂ ਲੰਘਦੀਆਂ ਬਿਜਲੀ ਦੀਆਂ ਤਾਰਾਂ ਸ਼ਿਫਟ ਕਰਨਾ | 1.57 |
| 5. | | ਸੰਗੂਆਣਾ ਬਸਤੀ, ਗਲੀ ਨੰ: 1, ਵਾਰਡ ਨੰਬਰ 38 ਵਿੱਚ ਐਸ.ਸੀ. ਧਰਮਸ਼ਾਲਾ ਦੀ ਉਸਾਰੀ | 15.00 |
| 6. | | ਪ੍ਰਤਾਪ ਨਗਰ, ਗਲੀ ਨੰ: 3, ਸ਼੍ਰੀ ਗੁਰੂ ਰਵੀਦਾਸ ਧਰਮਸ਼ਾਲਾ ਦੀ ਉਸਾਰੀ | 5.00 |

**ਸਹੀ/-**
**ਮੇਅਰ**
**ਨਗਰ ਨਿਗਮ, ਬਠਿੰਡਾ।**